ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ

ਦਿੱਲੀ ਆਫਤ ਪ੍ਰਬੰਧਨ ਅਥਾਰਟੀ

ਫਾ.ਨੰ. 02/07/2020/ਐਸ.1/30 ਮਿਤੀ: 08/04/2020

**ਹੁਕਮ**

ਜਦੋਂ ਕਿ, ਦਿੱਲੀ ਆਫਤ ਪ੍ਰਬੰਧਨ ਅਥਾਰਟੀ (ਡੀ.ਡੀ.ਐਮ.ਏ.) ਸੰਤੁਸ਼ਟ ਹੈ ਕਿ ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਕੋਵਿਡ-19 ਮਹਾਮਾਰੀ ਦੀ ਲਾਮ ਕਾਰਨ ਚਿੰਤਿਤ ਹੈ ਜਿਸ ਨੂੰ ਵਿਸ਼ਵ ਸਿਹਤ ਸੰਗਠਨ ਵੱਲੋਂ ਪਹਿਲਾਂ ਹੀ ਆਲਮੀ ਮਹਾਮਾਰੀ ਘੋਸ਼ਿਤ ਕੀਤਾ ਜਾ ਚੁੱਕਾ ਹੈ ਅਤੇ ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਵਿਖੇ ਇਸ ਲਾਮ ਨੂੰ ਰੋਕਣ ਲਈ ਪ੍ਰਭਾਵੀ ਕਦਮ ਚੁੱਕਣ ਲਈ ਇਸ ਨੂੰ ਜ਼ਰੂਰੀ ਸਮਝਿਆ ਗਿਆ ਹੈ

ਅਤੇ ਜਦੋਂ ਕਿ, ਭਾਰਤ ਸਰਕਾਰ ਨੇ 'ਕੋਵਿਡ-19' ਦੇ ਖਤਰੇ ਦੀ ਰੋਕਥਾਮ ਲਈ ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ ਸਮੇਤ ਸਾਰੇ ਭਾਰਤ ਵਿਚ 25 ਮਾਰਚ, 2020 ਤੋਂ 14 ਅਪ੍ਰੈਲ, 2020 ਤਕ ਤਾਲਾਬੰਦੀ ਦੀ ਅਧਿਸੂਚਨਾ ਜਾਰੀ ਕੀਤੀ ਹੈ।

ਅਤੇ ਜਦੋਂ ਕਿ ਦਿੱਲੀ ਆਫਤ ਪ੍ਰਬੰਧਨ ਅਥਾਰਿਟੀ ਨੇ ਸਥਿਤੀ ਨਾਲ ਸਹੀ ਤਰੀਕੇ ਨਾਲ ਨਿਪਟਣ ਲਈ ਸਾਰੀ ਸੰਬੰਧਿਤ ਅਧਿਕਾਰਿਆਂ ਨੂੰ ਤਮਾਮ ਜ਼ਰੂਰੀ ਕਦਮ ਚੁੱਕਣ ਲਈ ਸਮੇਂ-ਸਮੇਂ ਤੇ ਵੱਖ-ਵੱਖ ਹੁਕਮ/ਨਿਰਦੇਸ਼ ਜਾਰੀ ਕੀਤੇ ਹਨ।

ਅਤੇ ਜਦ ਕਿ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਵਿਖੇ ਕੋਵਿਡ-19 ਦੇ ਫੈਲਾਅ ਨੂੰ ਰੋਕਣ ਲਈ ਤਾਲਾਬੰਦੀ ਅਤੇ ਇਕਾਂਤਵਾਸ ਉਪਾਵਾਂ ਦੀ ਸਖਤੀ ਨਾਲ ਪਾਲਣਾ ਕਰਨਾ ਲਾਜ਼ਮੀ ਹੈ।

ਅਤੇ ਜਦਕਿ ਕੁਝ ਅਧਿਐਨਾਂ ਵਿਚ ਇਹ ਵੇਖਿਆ ਗਿਆ ਹੈ ਕਿ ਲਾਜ਼ਮੀ ਸਮਾਜਿਕ ਦੂਰੀ ਦੇ ਉਪਾਵਾਂ ਤੋਂ ਇਲਾਵਾ ਚਿਹਰੇ 'ਤੇ ਮਾਸਕ ਪਾਉਣ ਨਾਲ ਕੋਰੋਨਾ ਵਾਇਰਸ ਨੂੰ ਇਕ ਵਿਅਕਤੀ ਤੋਂ ਦੂਜੇ ਵਿਅਕਤੀ ਵਿਚ ਪ੍ਰਵੇਸ਼ ਕਰਨ ਤੋਂ ਕੁਝ ਹੱਦ ਤਕ ਰੋਕਿਆ ਜਾ ਸਕਦਾ ਹੈ।

ਅਤੇ ਜਦ ਕਿ ਜਨਤਾ ਦੇ ਹਿੱਤਾਂ ਲਈ ਜਨਤਕ ਥਾਵਾਂ 'ਤੇ ਜਾਣ ਵਾਲੇ ਵਿਅਕਤੀਆਂ ਲਈ ਮਾਸਕ ਪਾਉਣਾ ਜ਼ਰੂਰੀ ਹੋ ਗਿਆ ਹੈ।

ਇਸ ਲਈ, ਹੁਣ, ਦਿੱਲੀ ਆਫਤ ਪ੍ਰਬੰਧਨ ਐਕਟ-2005 ਦੀ ਧਾਰਾ 22 ਹੇਠ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦਿਆਂ, ਨਿਮਨ ਹਸਤਾਖਰੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਦੀ ਰਾਜ ਕਾਰਜਕਾਰੀ ਕਮੇਟੀ ਦੇ ਚੇਅਰਪਰਸਨ ਵਜੋਂ ਹੇਠ ਲਿਖੇ ਉਪਾਵਾਂ ਦੇ ਨਿਰਦੇਸ਼ ਦਿੱਤੇ ਜਾਂਦੇ ਹਨ:-

1. ਸਾਰੇ ਵਿਅਕਤੀ ਭਾਵੇਂ ਉਹ ਕਿਸੇ ਵੀ ਉੱਦੇਸ਼ ਅਤੇ ਕਿਸੀ ਵੀ ਕਾਰਨ/ਅਥਾਰਿਟੀ ਤੋਂ ਜਨਤਕ ਸਥਾਨਾਂ, ਜਿਵੇਂ ਗਲੀ, ਹਸਪਤਾਲ, ਦਫਤਰ, ਬਾਜ਼ਾਰ ਆਦਿ ਵਿਚ ਬਾਹਰ ਨਿਕਲ ਰਹੇ ਹੋਣ, ਨੂੰ 3 ਪਲਾਈ ਵਾਲਾ ਜਾਂ ਕੱਪੜੇ ਦਾ ਬਣਿਆ ਮਾਸਕ ਪਾਉਣਾ ਲਾਜ਼ਮੀ ਹੋਵੇਗਾ।

2. ਕੋਈ ਵੀ ਵਿਅਕਤੀ ਜੋ ਆਪਣੇ ਨਿੱਜੀ ਜਾਂ ਸਰਕਾਰੀ ਵਾਹਨ 'ਤੇ ਘਰੋਂ ਬਾਹਰ ਨਿਕਲਦਾ ਹੈ, ਉਸਨੂੰ ਮਾਸਕ ਪਾਉਣਾ ਲਾਜ਼ਮੀ ਹੋਵੇਗਾ।

3. ਕੋਈ ਵਿਅਕਤੀ ਕਿਸੇ ਸਾਈਟ/ਦਫਤਰ/ਕਾਰਜਸਥਲ 'ਤੇ ਕੰਮ ਕਰ ਰਿਹਾ ਹੈ ਤੇ ਉਸਨੂੰ ਉੱਤੇ ਦਿੱਤੇ ਅਨੁਸਾਰ ਮਾਸਕ ਪਾਉਣਾ ਪਵੇਗਾ।

4. ਕੋਈ ਵੀ ਵਿਅਕਤੀ/ਅਧਿਕਾਰੀ ਉੱਤੇ ਦਿੱਤੇ ਅਨੁਸਾਰ ਇਨ੍ਹਾਂ ਮਾਸਕਾਂ ਨੂੰ ਪਾਏ ਬਿਨਾ ਕਿਸੇ ਮੀਟਿੰਗ/ਇਕੱਠ ਵਿਚ ਸ਼ਾਮਿਲ ਨਹੀਂ ਹੋਵੇਗਾ।

5. ਇਹ ਮਾਸਕ ਕੈਮਿਸਟ ਕੋਲ ਉਪਲਬਧ ਸਟੈਂਡਰਡ ਮਾਸਕ ਹੋ ਸਕਦੇ ਹਨ ਜਾਂ ਘਰ ਬਣੇ ਧੋਤੇ ਜਾ ਸਕਣ ਵਾਲੇ ਮਾਸਕ ਹੋ ਸਕਦੇ ਹਨ ਅਤੇ ਤਰੀਕੇ ਨਾਲ ਧੋ ਕੇ ਅਤੇ ਕੀਟਾਣੂਆਂ ਦਾ ਨਾਸ਼ ਕਰਕੇ ਦੁਬਾਰਾ ਵਰਤੋਂ ਵਿਚ ਲਿਆਏ ਜਾ ਸਕਦੇ ਹਨ।

ਇਹ ਜ਼ਿੰਮੇਵਾਰੀ ਮਾਲਕ ਦੀ ਹੋਵੇਗੀ ਕਿ ਉਹ ਇਸ ਨੂੰ ਯਕੀਨੀ ਬਣਾਵੇ ਕਿ ਉਸਦੇ ਕਰਮਚਾਰੀ 3 ਪਲਾਈ ਵਾਲਾ ਮਾਸਕ ਜਾਂ ਕੱਪੜੇ ਵਾਲਾ ਮਾਸਕ ਜ਼ਰੂਰ ਪਾਉਣ।

ਇਨ੍ਹਾਂ ਨਿਰਦੇਸ਼ਾਂ ਦੀ ਉਲੰਘਣਾ ਕਰਨ ਵਾਲੇ ਵਿਅਕਤੀ ਨੂੰ ਭਾਰਤੀ ਦੰਡ ਸੰਹਿਤਾ ਦੀ ਧਾਰਾ 188 (1860 ਦੀ 48) ਤਹਿਤ ਸਜ਼ਾ ਦਿੱਤੀ ਜਾ ਸਕਦੀ ਹੈ ਅਤੇ ਉਸ 'ਤੇ ਸਖ਼ਤ ਜ਼ੁਰਮਾਨੇ ਵੀ ਲਾਏ ਜਾ ਸਕਦੇ ਹਨ। ਇਨ੍ਹਾਂ ਨਿਰਦੇਸ਼ਾਂ ਦੀ ਬੜੀ ਬਾਰੀਕੀ ਨਾਲ ਪਾਲਣਾ ਕੀਤੀ ਜਾਵੇ।

(ਵਿਜੇ ਦੇਵ)

ਮੁੱਖ ਸਕੱਤਰ, ਦਿੱਲੀ

ਨੱਥੀ : ਉੱਤੇ ਦਿੱਤੇ ਅਨੁਸਾਰ

ਪਾਲਣਾ ਕਰਨ ਲਈ ਨਕਲ :-

1. ਪੁਲਿਸ ਕਮਿਸ਼ਨਰ, ਦਿੱਲੀ।
2. ਸਾਰੇ ਜ਼ਿਲਾ ਮੈਜਿਸਟ੍ਰੇਟ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।
3. ਸਾਰੇ ਜ਼ਿਲਾ ਪੁਲਿਸ ਡਿਪਟੀ ਕਮਿਸ਼ਨਰ, ਦਿੱਲੀ।

ਸੂਚਨਾ ਲਈ ਨਕਲ :

1. ਉਪ-ਰਾਜਪਾਲ ਦੇ ਪ੍ਰਮੁੱਖ ਸਕੱਤਰ, ਦਿੱਲੀ
2. ਮਾਣਯੋਗ ਮੁੱਖ ਮੰਤਰੀ, ਦਿੱਲੀ ਦੇ ਵਧੀਕ ਸਕੱਤਰ
3. ਮਾਣਯੋਗ ਉਪ-ਮੁੱਖਮੰਤਰੀ, ਦਿੱਲੀ ਦੇ ਸਕੱਤਰ
4. ਪ੍ਰਮੁੱਖ ਸਕੱਤਰ, ਸ਼ਹਿਰੀ ਵਿਕਾਸ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ
5. ਰਾਜ ਕਾਰਜਕਾਰੀ ਕਮੇਟੀ, ਡੀ.ਡੀ.ਐਮ.ਏ. ਦੇ ਸਾਰੇ ਮੈਂਬਰ
6. ਨਿਦੇਸ਼ਕ, ਜਾਣਕਾਰੀ ਅਤੇ ਪ੍ਰਚਾਰ ਡਾਇਰੈਕਟੋਰੇਟ ਨੂੰ ਵਿਆਪਕ ਪ੍ਰਚਾਰ ਲਈ।

7. ਐਸ.ਆਈ.ਓ., ਐਨ.ਆਈ.ਸੀ. ਨੂੰ ਦਿੱਲੀ ਸਰਕਾਰ ਦੀ ਵੈਬਸਾਈਟ ਤੇ ਅਪਲੋਡ ਕਰਨ ਲਈ।